## SECOND TERM EXAMINATION 2025-2026

## STANDARD – X

## SUBJECT - PUNJABI

**TIME: 2 HRS.** **M.M:80**

Downloaded From www.icseboard.org

## SECTION A – 40 MARKS

**ਨੋਟ:- ਸਾਰੇ ਪ੍ਰਸ਼ਨ ਲਾਜ਼ਮੀ ਹਨ।**

1) **ਹੇਠ ਲਿਖੇ ਵਿਸ਼ਿਆ ਵਿਚੋਂ ਕਿਸੇ ਇਕ ਵਿਸ਼ੇ ਉੱਤੇ ਘੱਟੋ – ਘੱਟ 250 ਸ਼ਬਦਾਂ ਦਾ ਲੇਖ ਪੰਜਾਬੀ ਵਿੱਚ ਲਿਖੋ:-** (15)

ੳ) ਵਿਦਿਆਰਥੀ ਤੇ ਫੈਸ਼ਨ

ਅ) ਸੜਕ ਦੁਰਘਟਨਾਵਾਂ ਦੇ ਕਾਰਨ ਅਤੇ ਰੋਕਥਾਮ ਲਈ ਉਪਾਅ

ੲ) ਮਹਾਰਾਜਾ ਰਣਜੀਤ ਸਿੰਘ

ਸ) ਵਿਦਿਆਰਥੀ ਅਤੇ ਖੇਡਾਂ, ਖੇਡਾਂ ਦਾ ਵਿਦਿਆਰਥੀ ਜੀਵਨ ਵਿੱਚ ਕੀ ਮਹੱਤਵ ਹੈ।

ਹ) ਮਨ ਜੀਤੈ ਜਗ ਜੀਤੁ

2) ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੰਜਾਬੀ ਭਾਸ਼ਾ ਨਾਲ ਹੋ ਰਹੇ ਮਤਰੇਏ ਸਲੂਕ ਬਾਰੇ ਆਪਣੇ ਵਿਚਾਰ ਛਾਪਣ ਲਈ ਪੱਤਰ ਲਿਖੋ। **(7)**

3) **ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:-** **(10)**

1

ਅੱਜ ਦਾ ਮਨੁੱਖ ਪੈਸੇ ਦੇ ਪਿੱਛੇ ਅੰਨ੍ਹੇਵਾਹ ਦੌੜੀ ਜਾ ਰਿਹਾ ਹੈ। ਪੰਜ ਰੁਪਏ ਮਿਲ ਤਾਂ ਦਸ, ਦਸ ਮਿਲਣ ਜਾਂ ਸੌ ਅਤੇ ਸੌ ਮਿਲਣ 'ਤੇ ਹਜ਼ਾਰ ਦੀ ਇੱਛਾ ਲਈ ਉਹ ਅੰਨ੍ਹੀ ਦੌੜ ਵਿੱਚ ਸ਼ਾਮਲ ਹੈ। ਇਸ ਦੌੜ ਦਾ ਕੋਈ ਅੰਤ ਨਹੀਂ। ਪੈਸੇ ਦੀ ਇਸ ਦੌੜ ਦਾ ਕੋਈ ਅੰਤ ਨਹੀਂ। ਪੈਸੇ ਦੀ ਇਸ ਦੌੜ ਵਿੱਚ ਸਾਰੇ ਮਾਣ ਅਤੇ ਪਰਿਵਾਰਕ ਸੰਬੰਧ ਪਿੱਛੇ ਰਹਿ ਗਏ ਹਨ। ਮਨੁੱਖ ਆਪਣੇ ਤੇ ਪਰਾਏ ਦੇ ਭੇਦ-ਭਾਵ ਨੂੰ ਹੀ ਭੁੱਲ ਗਿਆ ਹੈ। ਉਸ ਦੇ ਕੋ ਆਪਣੇ ਬੱਚਿਆਂ ਲਈ ਪਤਨੀ ਲਈ ਅਤੇ ਮਾਂ - ਬਾਪ ਲਈ ਕੋਈ ਸਮਾਂ ਨਹੀਂ ਹੈ। ਪੈ ਲਈ ਪੁੱਤਰ ਦਾ ਪਿਉ ਨਾਲ, ਧੀ ਦਾ ਮਾਂ ਨਾਲ ਅਤੇ ਪਤੀ ਦਾ ਪਤਨੀ ਨਾਲ ਝਗੜਾ ਰਿਹਾ ਹੈ। ਭਰਾ - ਭਰਾ ਦੇ ਖੂਨ ਦਾ ਪਿਆਸਾ ਹੈ। ਪੈਸੇ ਦਾ ਲੋਭ ਮਨੁੱਖ ਨੂੰ ਕਈ ਤ ਦੇ ਘਿਨਾਉਣੇ ਅਪਰਾਧ ਕਰਨ ਲਈ ਉਕਸਾ ਰਿਹਾ ਹੈ। ਇਹ ਲੋਭ ਦਾ ਹੀ ਨਤੀਜਾ ਹੈ ਥਾਂ - ਥਾਂ 'ਤੇ ਕਤਲ, ਲੁੱਟ - ਖਸੁੱਟ ਅਪਹਰਣ ਅਤੇ ਚੋਰੀ - ਡਕੈਤੀ ਦੀਆਂ ਘਟਨਾ ਵੱਧ ਰਹੀਆਂ ਹਨ। ਇਸ ਰੋਗੀ ਮਾਨਸਿਕਤਾ ਨੂੰ ਬਦਲਣ ਦੇ ਲਈ ਸਾਨੂੰ ਹਰ ਪੱਧਰ ' ਯਤਨ ਕਰਨੇ ਹੋਣਗੇ।

**ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:-**

ੳ) ਪੈਸੇ ਦਾ ਲੋਭ ਮਨੁੱਖ ਤੋਂ ਕੀ ਕਰਵਾਉਂਦਾ ਹੈ?

ਅ) ਉਪਰੋਕਤ ਦਿੱਤੀ ਗਈ ਦੌੜ ਵਿੱਚ ਕਿਹੜੇ ਸੰਬੰਧ ਪਿੱਛੇ ਰਹਿ ਗਏ ਹਨ?

ੲ) ਅੱਜ ਦਾ ਮਨੁੱਖ ਕਿਸ ਪਿੱਛੇ ਦੌੜ ਰਿਹਾ ਹੈ?

ਸ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ:-

**ਹ) ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ:-**

ਪਿਆਸਾ, ਝਗੜਾ, ਇੱਛਾ, ਲੋਭ

Downloaded From: www.icseboard.org

4)

ੳ) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ:- (4)

i) ਪੱਥਰ ਚੱਟ ਕੇ ਮੁੜਨਾ ii) ਬੀੜਾ ਉਠਾਉਣਾ

iii) ਭੰਗ ਭੁੱਜਣਾ iv) ਰੰਗ ਬੰਨ੍ਹਣਾ

ਅ) ਢੀਠ ਦਾ ਵਿਰੋਧੀ ਸ਼ਬਦ .................. ਹੈ। (1)

ੲ) ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ: (1)

ਦਰਿਆ ਵਿੱਚ ਸੁੱਕੀ ਥਾਂ

ਸ) ਉੱਲੂ (ਲਿੰਗ ਬਦਲੋ) (1)

ਹ) ਭਾਰਤ ਮੈਚ ਖੇਡੇਗਾ। (ਕਾਲ ਦੀ ਕਿਸਮ ਲਿਖੋ) (1)

## SECTION - B (40 MARKS)

ਨੋਟ:- ਆਪਣੀਆਂ ਪੜ੍ਹੀਆਂ ਹੋਈਆਂ ਦੋ ਕਿਤਾਬਾਂ ਵਿੱਚੋਂ 4 ਪ੍ਰਸ਼ਨ ਕਰੋ।

5) ਹੇਠ ਲਿਖੀ ਲਿਖਤ ਨੂੰ ਪੜ੍ਹੋ ਤੇ ਪ੍ਰਸ਼ਨ ਇਕ ਤੋਂ ਚਾਰ ਦੇ ਉੱਤਰ ਲਿਖੋ:- (10)

(ਕਥਾ ਸੰਵੇਦਨਾ)

'ਉਹਦੀ ਘਰ ਵਾਲੀ ਮੁਹੱਲੇ ਦੀਆਂ ਤੀਮੀਆਂ ਨੂੰ ਦੱਸ ਰਹੀ ਸੀ ਬਈ ਜਿੰਨ੍ਹਾਂ ਚਿਰ ਜਿਊਂਦਾ ਰਿਹਾ। ਬੀਮਾਰੀ, ਗਰੀਬੀ ਤੇ ਭੁੱਖ ਨਾਲ ਹੀ ਘੁੱਲਦਾ ਰਿਹਾ ਹੈ ਅਖੀਰ ਮੁੱਕ ਗਿਆ ਲੜਦਾ ਲੜਦਾ .............। ਮੁੰਡੇ ਨੇ ਬੜੀ ਗੰਭੀਰਤਾ ਨਾਲ ਕਿਹਾ।

ੳ) ਇਹ ਸ਼ਬਦ ਕਿਸ ਨੇ ਕਿਸ ਨੂੰ ਆਖੇ?



Downloaded From: www.icseboard.org

ਅ) ਲੇਖਕ ਇੱਥੇ ਕਿਸ ਇਨਸਾਨੀਅਤ ਦੀ ਗੱਲ ਕਰ ਰਿਹਾ ਹੈ?

ੲ) ਗੁਆਂਢ ਵਿੱਚ ਕੌਣ ਮਰ ਗਿਆ ਸੀ?

ਸ) ਅਸਲ ਸ਼ਹੀਦ ਕੌਣ ਹੈ?

6) **'ਅੱਜ ਬਚਨੀ ਦੀ ਬੇਬੇ ਆਈ ਸੀ, ਉਹ ਜਿਹੜੀਆਂ ਦੱਸ ਕੇ ਗਈ ਐ ਸੁਣ ਕੇ ਕਾਲਜਾ ਮੱਚ ਗਿਆ'।** **(10)**

ੳ) ਇਹ ਸ਼ਬਦ ਕਿਸ ਕਹਾਣੀ ਦੇ ਹਨ ਅਤੇ ਕਿਸ ਨੇ ਕਿਸ ਨੂੰ ਕਹੇ ਸਨ?

ਅ) ਇਸ ਕਹਾਣੀ ਦੀ ਪਾਤਰ ਬਚਨੀ ਦੀ ਬੇਬੇ, ਮੁਨੋਂ ਨੂੰ ਕੀ ਦੱਸ ਕੇ ਗਈ ਸੀ?

ੲ) ਮੁਨੋਂ ਦਾ ਕੀ ਸੁਣ ਕੇ ਕਾਲਜਾ ਮੱਚਣ ਲੱਗ ਪਿਆ?

ਸ) ਮੁਨੋਂ ਵਿਆਹ ਦੀ ਤਿਆਰੀ ਕਿਸ ਤਰ੍ਹਾਂ ਕਰਦੀ ਹੈ?

7) **'ਬਾਦਸ਼ਾਹੋ ਸਾਰਾ ਇਲਾਕਾ ਤਰਾਸ – ਤਰਾਸ ਪਿਆ ਕਰਦਾ ਏ। ਤੇ ਤੁਸੀਂ ਉਹਦੇ ਘਰ ਬੈਠੇ ਪੁੱਛਦੇ ਓ ਕਰਮ ਸਿੰਘ ਮਰ ਗਿਆ ਏ ਚਿੱਠੀ ਆਇਆ ਤੇ ਅੱਜ ਪੰਦਰਾਂ ਦਿਨ ਹੋ ਗਏ ਨੇ।'** **(10)**

ੳ) ਜਦੋਂ ਮਾਨ ਸਿੰਘ ਨੂੰ ਕਰਮ ਸਿੰਘ ਦੀ ਮੌਤ ਦਾ ਪਤਾ ਲੱਗਦਾ ਹੈ ਤਾਂ ਉਸ ਤੇ ਕੀ ਅਸਰ ਹੁੰਦਾ ਹੈ?

ਅ) ਕਰਮ ਸਿੰਘ ਦੀ ਮੌਤ ਨਾਲ ਸਾਰਾ ਇਲਾਕਾ ਤਰਾਸ – ਤਰਾਸ ਕਿਉਂ ਕਰ ਰਿਹਾ ਸੀ?

ੲ) ਮਾਨ ਸਿੰਘ ਨੂੰ ਕਰਮ ਸਿੰਘ ਦੀ ਮੌਤ ਦਾ ਪਤਾ ਕਿਉਂ ਨਾ ਲੱਗਾ?

ਸ) ਕਰਮ ਸਿੰਘ ਦੇ ਘਰਵਾਲਿਆਂ ਨੇ ਮਾਨ ਸਿੰਘ ਤੋਂ ਕਰਮ ਸਿੰਘ ਦੀ ਮੌਤ ਦਾ ਲੁਕੋ ਕਿਉਂ ਰੱਖਿਆ?



Downloaded From www.icseboard.org

(ਕਥਾ – ਸੰਵੇਦਨਾ)

8) ਹੇਠ ਲਿਖੀਆਂ ਕਾਵਿ ਸਤਰਾਂ ਨੂੰ ਪੜ੍ਹ ਕੇ ਇਕ ਤੋਂ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ:– (10)

**ਬੱਦਲਾਂ ਦੀ ਰੁੱਤ ਏ**
**ਟੀ.ਵੀ ਦੀ ਤਾਰ ਪਿੱਛੋਂ ਕੱਢ ਦੇਣੀ**
**ਕੱਪੜਾ ਨਾ ਕੋਈ ਬਾਰ੍ਹ ਕਿੱਲੀ ਉੱਤੇ ਰਹਿਣ ਦੇਣਾ**
**ਦੁੱਧ ਵਾਲਾ ਡਾਕੀਆ ਜਾਂ ਹੋਰ ਕੋਈ ਆਵੇ ਪਿੱਛੋਂ**
**ਪਹਿਲਾਂ ਕੰਧ ਉੱਪਰੋਂ ਦੀ ਵੇਖਣਾ**
**ਅਣਸੂਹੇ ਬੰਦੇ ਨੂੰ ਟਟੋਲਣਾ**
**ਫੇਰ ਬੂਹਾ ਖੋਲ੍ਹਣਾ।**

ੳ) 'ਨਿੱਕੇ – ਨਿੱਕੇ ਡਰ' ਕਵਿਤਾ ਕਿਸ ਦੀ ਰਚਨਾ ਹੈ?

ਅ) ਟੀ.ਵੀ ਬਾਰੇ ਕੀ ਹਦਾਇਤ ਦਿੱਤੀ ਗਈ ਹੈ?

ੲ) ਕੰਧ ਉੱਪਰੋਂ ਦੀ ਵੇਖਣ ਲਈ ਕਿਉਂ ਕਿਹਾ ਗਿਆ ਹੈ?

ਸ) ਘਰ ਵਿੱਚ ਰਹਿੰਦਿਆਂ ਕੀ – ਕੀ ਹਦਾਇਤਾਂ ਦਿੱਤੀਆਂ ਗਈਆਂ ਹਨ?

9) **ਕੁੱਝ ਰੁੱਖ ਮੈਨੂੰ, ਪੁੱਤ ਲੱਗਦੇ ਨੇ,** (10)
**ਕੁੱਝ ਰੁੱਖ ਲਗਦੇ ਮਾਵਾਂ**
**ਕੁੱਝ ਰੁੱਖ ਨੂੰਹਾਂ ਧੀਆਂ ਲੱਗਦੇ**
**ਕੁਝ ਰੁੱਖ ਵਾਂਗ ਭਰਾਵਾਂ,**
**ਕੁਝ ਰੁੱਖ ਮੇਰੇ ਬਾਬੇ ਵਾਕਣ**
**ਪੁੱਤਰ ਟਾਵਾਂ – ਟਾਵਾਂ**



Downloaded From www.icseboard.org

ਕੁਝ ਰੁੱਖ ਮੇਰੀ ਦਾਦੀ ਵਰਗੇ

ਚੂਰੀ ਪਾਵਣ ਕਾਵਾਂ

ੳ) 'ਰੁੱਖ ਗੀਤ ਕਿਸ ਦੁਆਰਾ ਲਿਖਿਆ ਗਿਆ ਹੈ?

ਅ) ਕਵੀ ਰੁੱਖਾਂ ਨੂੰ ਕਿਹੜੇ ਮਨੁੱਖੀ ਸਬੰਧਾਂ ਨਾਲ ਜੋੜਦਾ ਹੈ?

ੲ) ਕਾਵਾਂ ਨੂੰ ਚੂਰੀ ਕੋਣ ਪਾਉਂਦਾ ਹੈ?

ਸ) ਕਵੀ ਦਾ ਕੀ ਮਨ ਹੈ?

10) ਜਿਊਂਣਾ ਹੁੰਦਾ ਉਸ ਮਰਦ ਦਾ ਕਿਸੇ ਲਈ ਜੋ ਮਰਦਾ ਏ ਆਪਣੇ ਦੇਸ਼ ਕੌਮ ਦੀ ਖਾਤਰ ਜੀਵਨ ਅਰਪਣ ਕਰਦਾ ਏ (10)

ਨੂਰਪੁਰੀ ਬੰਦ ਕਰਦੇ ਬੀਬਾ, ਝੂਠੀਆਂ ਹੋਰ ਦੁਕਾਨਾਂ ਨੂੰ

ਓ ਦੁਨੀਆਂ ਦੇ ਬੰਦਿਓ ਪੂਜੋ ਉਹਨਾਂ ਨੇਕ ਇਨਸਾਨਾਂ ਨੂੰ

ਦੇਸ਼ ਦੀ ਖ਼ਾਤਰ ਵਾਰ ਗਏ ਜੋ, ਪਿਆਰੀਆਂ ਪਿਆਰੀਆਂ ਜਾਨਾਂ ਨੂੰ

ੳ) ਇਹ ਕਾਵਿ ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?

ਅ) ਜਿਉਂਣਾ ਕਿਸ ਦਾ ਸਫ਼ਲ ਹੈ?

ੲ) ਸੱਚਾ ਇਨਸਾਨ ਕਿਸ ਨੂੰ ਮੰਨਿਆ ਜਾਂਦਾ ਹੈ?

ਸ) ਕਵੀ ਦੀ ਸੁਨੇਹਾ ਦੇਣਾ ਚਾਹੁੰਦਾ ਹੈ?

ਮੰਚ ਮਹਿਕ

ਹੇਠ ਲਿਖੀਆਂ ਸਤਰਾਂ ਨੂੰ ਪੜ੍ਹੋ ਅਤੇ ਇਕ ਤੋਂ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ:- (10)

11) ਨਿੱਕੀ ਪੜ੍ਹਦੇ ਰਹਿਣਾ ਹੈ .................... ਖੇਡਣਾ ਨਹੀਂ ਹੈ ਟੀ.ਵੀ



Downloaded From www.icseboard.org

ਨਹੀਂ ਦੇਖਣਾ ਹੈ ............... ਹੋਮ ਵਰਕ ਕਰਨਾ ਹੈ ................... ਜੇ ਨਹੀਂ ਕਰਨਾ ਹੈ ................... ਵੋਹ ਨਹੀਂ ਕਰਨਾ ........................ ਹੂੰ ਇਹ ਵੀ ਕੋਈ ਜਿੰਦਗੀ ਹੈ। ਸਾਰਾ ਦਿਨ ਪੜ੍ਹਦੇ ਰਹਿਣਾ ਪੜ੍ਹਦੇ ਹੀ ਰਹਿਣਾ, ਇਸ ਤੋਂ ਤਾਂ ਬੰਦਾ ਅਨਪੜ੍ਹ ਹੀ ਚੰਗਾ ................. (ਅਚਾਨਕ ਕੁਝ ਯਾਦ ਆਉਂਦਾ ਹੈ) ਹਾਏ ਰੱਬਾ, ਗੈਸ ਚਲਦੀ ਪਈ ਹੈ।

ੳ) ਨਿੱਕੀ ਅਜਿਹੇ ਸ਼ਬਦ ਕਿਉਂ ਬੋਲਦੀ ਹੈ?

ਅ) ਮੰਮੀ ਪਾਪਾ ਤੇ ਵਿੱਕੀ ਕਿੱਥੇ ਗਏ ਹੋਏ ਸਨ?

ੲ) ਇਕਾਂਗੀ ਵਿੱਚ ਲੇਖਕ ਨੇ ਕੀ-ਕੀ ਦੱਸਣ ਦੀ ਕੋਸ਼ਿਸ਼ ਕੀਤੀ ਹੈ?

ਸ) ਇਸ ਇਕਾਂਗੀ ਦਾ ਸਿਰਲੇਖ ਢੁੱਕਵਾਂ ਹੈ ਜਾਂ ਨਹੀਂ?

12) ਬਿਮਲਾ, ਕੱਲ੍ਹ ਤੁਹਾਡੀ ਹੱਟੀਓ ਆਟਾ ਮੰਗਵਾਇਆ ਸੀ ਉਹਦੇ ਵਿੱਚ ਤਾਂ ਇਉ ਮਲੂਮ ਹੁੰਦਾ ਜਿਵੇਂ ਦੁੱਧ ਪੱਥਰੀ ਮਿਲੀ ਹੁੰਦੀ ਹੈ। (10)

ੳ) ਬਿਮਲਾ ਇਹ ਸ਼ਬਦ ਕਿਸਨੂੰ ਅਤੇ ਕਦੋਂ ਕਹਿੰਦੀ ਹੈ?

ਅ) ਉਸਨੂੰ ਅੱਗੋਂ ਕੀ ਉੱਤਰ ਮਿਲਦਾ ਹੈ?

ੲ) ਬਿਮਲਾ ਬਾਰੇ ਤੁਸੀਂ ਕੀ ਜਾਣਦੇ ਹੋ?

ਸ) ਇਕਾਂਗੀ ਦੇ ਅਨੁਸਾਰ ਦੇਸ਼ ਦੇ ਅਸਲੀ ਦੁਸ਼ਮਣ ਕੌਣ ਹਨ?

13) 'ਪਹਿਲਾਂ - ਪਹਿਲ ਏਕਰ ਹੀ ਹੁੰਦਾ ਏ। ਵੱਡੇ - ਵੱਡੇ ਸ਼ਾਇਰ, ਲੀਡਰ ਤੇ ਡਾਕਟਰ ਪਹਿਲਾਂ ਪਹਿਲ ਭੁੱਖੇ ਈ ਮਰਦੇ ਹਨ। (10)

ਡਾਕਟਰ ਬੇਲੀ ਰਾਮ ਦਾ ਨਾਉਂ ਸੁਣਿਆ ਏ ਤੂੰ ਜਦੋਂ ਉਸ ਦੁਕਾਨ ਖੋਲੀ ਸੀ ਤਾਂ ਸ਼ੁਰੂ ਵਿੱਚ ਛੇ ਮਹੀਨੇ ਕੋਈ ਮਰੀਜ਼ ਨਹੀਂ ਸੀ ਵੜਿਆ।



Downloaded From www.icseboard.org

ੳ) ਉਪਰੋਕਤ ਵਾਰਤਾਲਾਪ ਕਿਹੜੇ ਪਾਤਰਾਂ ਵਿਚਕਾਰ ਹੋਈ?

ਅ) ਬੋਲਣ ਵਾਲੇ ਨੇ ਅਜਿਹੇ ਸ਼ਬਦ ਕਿਉਂ ਬੋਲੇ?

ੲ) ਇਸ ਤੋਂ ਬਾਅਦ ਕਿਹੜੀ ਘਟਨਾ ਵਾਪਰਦੀ ਹੈ?

ਸ) ਉਪਰੋਕਤ ਸ਼ਬਦਾਂ ਤੋਂ ਬੋਲਣ ਵਾਲੇ ਦੇ ਸੁਭਾਅ ਬਾਰੇ ਕੀ ਪਤਾ ਲੱਗਦਾ ਹੈ?

Downloaded From www.icseboard.org